**OFFICE OF THE**
**ADDL. CHIEF ADMINISTRATOR-CUM-RETURNING OFFICER**
**Revising Authority Officer 34 Balluana SGPC Election Board**
Zila Parishad Complex,Cabin no. 214, Bathinda
Phone/Fax No. 0164-2241949,0164-2210736
E-mail: bathindarural093ac@gmail.com

2023/4592
2/11/2023
ਡੀ-1

ਜ਼ਿੰਮੇਵਾਰ ਬਣੋ, ਵੋਟਰ ਬਣੋ

ਜ਼ਿੰਮੇਵਾਰ ਬਣੋ, ਵੋਟਰ ਬਣੋ

ਨੰਬਰ ਰਸ/2023/ 990

ਵੱਲ

ਮਿਤੀ 31/10/2023

ਨਾਇਬ ਤਹਿਸੀਲਦਾਰ ਕਮ-ਨੋਡਲ ਅਫਸਰ
ਬਠਿੰਡਾ, ਗੋਨਿਆਣਾ ਅਤੇ ਸੰਗਤ।

ਵਿਸ਼ਾ: **ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਤੇ ਨਵੇਂ ਬੋਰਡ ਦੇ ਗਠਨ ਲਈ ਵੋਟਰ ਸੂਚੀਆਂ ਦੀ ਤਿਆਰੀ ਸਬੰਧੀ ਸਪੈਸ਼ਲ ਕੈਂਪ।**

ਹਵਾਲਾ: **ਮਾਨਯੋਗ ਡਿਪਟੀ ਕਮਿਸ਼ਨਰ ਬਠਿੰਡਾ ਜੀ ਦੇ ਪੱਤਰ ਨੰ:ਚੋਣ/2023/1934-39 ਮਿਤੀ:31-10-2023 ਸਬੰਧੀ।**

ਉਪਰੋਕਤ ਵਿਸ਼ੇ ਅਧੀਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਤੇ ਨਵੇਂ ਬੋਰਡ ਦੇ ਗਠਨ ਲਈ ਮਿਤੀ 21-10-2023 ਤੋ ਵੋਟਰ ਸੂਚੀਆਂ ਦੀ ਤਿਆਰੀ ਸਬੰਧੀ ਕੰਮ ਚੱਲ ਰਿਹਾ ਹੈ। ਪਰੰਤੂ ਹਲਕਾ -34 ਬੱਲੂਆਣਾ ਮਿਤੀ 31/10/2023 ਤੱਕ ਕੋਈ ਵੀ ਫਾਰਮ ਪ੍ਰਾਪਤ ਨਹੀ ਹੋਇਆ। ਉਪਰੋਕਤ ਨੂੰ ਮੁੱਖ ਰੱਖਦੇ ਹੋਏ ਨਾਲ ਨੱਥੀ ਪ੍ਰੋਗਰਾਮ ਅਨੁਸਾਰ (ਮਿਤੀ 4/11/2023,5/11/2023,8/11/2023,9/11/2023 ਅਤੇ 10/11/2023) ਨੂੰ ਸਵੇਰੇ 10 ਤੋਂ ਸ਼ਾਮ 5 ਵਜੇਂ ਤੱਕ ਸਪੈਸ਼ਲ ਕੈਂਪ ਹਲਕਾ ਪਟਵਾਰੀਆ ਰਾਹੀ ਲਵਾਏ ਜਾਣ, ਤਾਂ ਜੋ ਮਾਣਯੋਗ ਚੀਫ ਕਮਿਸ਼ਨਰ ਗੁਰਦੁਆਰਾ ਚੋਣਾਂ ਦੁਆਰਾ ਜਾਰੀ ਹੁਕਮਾਂ ਤਹਿਤ ਵੋਟਰ ਸੂਚੀਆਂ ਦੀ ਤਿਆਰੀ ਦਾ ਕੰਮ ਮਿਤੀ 15/11/2023 ਤੱਕ ਮੁਕੰਮਲ ਕੀਤਾ ਜਾ ਸਕੇ। ਹਲਕਾ ਪਟਵਾਰੀਆਂ ਦੀ ਮਦਦ ਲਈ ਸਬੰਧਤ ਪਿੰਡਾ ਦੇ ਬੀ.ਐਲ.ਓ. ਵੀ ਕੈਂਪ ਵਿੱਚ ਹਾਜਰ ਰਹਿਣਗੇ ਅਤੇ ਨਾਇਬ ਤਹਿਸੀਲਦਾਰ ਕਮ ਨੋਡਲ ਅਫਸਰ ਨਿੱਜੀ ਤੌਰ ਤੇ ਬੂਥਾ ਦੀ ਚੈਕਿੰਗ ਕਰਨਗੇ ਤੇ ਨਿਮਨਹਸਤਾਖਰ ਨੂੰ ਰਿਪੋਰਟ ਕਰਨਗੇ।

ਰਿਵਾਈਜ਼ਿੰਗ ਅਥਾਰਿਟੀ (034 ਬੱਲੂਆਣਾ)-
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਬੋਰਡ)-ਚੋਣਾਂ-
ਕਮ-ਵਧੀਕ ਮੁੱਖ ਪ੍ਰਸ਼ਾਸਕ, ਜੀ.ਡੀ.ਏ.ਬਠਿੰਡਾ

ਪਿੱਠ ਅੰਕਣ ਨੰ. 991
ਉਪਰੋਕਤ ਦਾ ਇਕ ਉਤਾਰਾ :

ਮਿਤੀ : 31/10/2023

1. ਜ਼ਿਲ੍ਹਾ ਚੋਣ ਅਫਸਰ, ਬਠਿੰਡਾ ਜੀ ਨੂੰ ਸੂਚਨਾ ਹਿੱਤ।
2. ਸਮੂਹ ਹਲਕਾ ਪਟਵਾਰੀਆ ਨੂੰ ਭੇਜ ਕੇ ਹਦਾਇਤ ਕੀਤੀ ਜਾਂਦੀ ਹੈ ਕਿ ਉਕਤ ਮਿਤੀਆਂ(ਮਿਤੀ 4/11/2023,5/11/2023,8/11/2023,9/11/2023 ਅਤੇ 10/11/2023) ਨੂੰ ਸਪੈਸ਼ਲ ਕੈਂਪ ਦੌਰਾਨ ਆਪਣੇ ਪੋਲਿੰਗ ਸਟੇਸ਼ਨਾ ਤੇ ਬੈਠ ਕੇ ਵੋਟਰ ਸੂਚੀਆਂ ਦੀ ਤਿਆਰੀ ਸਬੰਧੀ ਫਾਰਮ ਪ੍ਰਾਪਤ ਕਰਨ, ਜਿਨ੍ਹਾਂ ਹਲਕਾ ਪਟਵਾਰੀਆਂ ਕੋਲ ਇੱਕ ਤੋਂ ਜਿਆਦਾ ਪਿੰਡ ਹਨ, ਉਹ ਇਹਨਾਂ ਕੈਂਪਾਂ ਦੇ ਸਮੇਂ ਦੌਰਾਨ ਆਪਣਾ ਸ਼ਡਿਊਲ ਬਣਾ ਲਇਆ ਜਾਵੇ, ਤਾ ਜੋ ਹਰੇਕ ਪਿੰਡ ਕਵਰ ਕੀਤਾ ਜਾ ਸਕੇ।
3. ਜਿਲ੍ਹਾ ਲੋਕ ਸੰਪਰਕ ਅਫਸਰ ਬਠਿੰਡਾ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਕਤ ਕੈਂਪ ਸਬੰਧੀ ਪ੍ਰੋਗਰਾਮ ਨੂੰ ਅਖਬਾਰਾ ਵਿੱਚ ਪ੍ਰਕਾਸ਼ਿਤ ਕੀਤਾ ਜਾਵੇ।
4. ਜਿਲ੍ਹਾ ਬਲਾਕ ਅਤੇ ਪੰਚਾਇਤ ਅਫਸਰ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਕਤ ਕੈਂਪਾ ਸਬੰਧੀ ਪਿੰਡਾਂ ਵਿੱਚ ਮੁਸ਼ਤਰੀ/ਮੁਨਾਦੀ ਕਰਵਾਉਣ ਲਈ ਬਲਾਕ ਵਿਕਾਸ ਅਤੇ ਪੰਚਾਇਤ ਅਫਸਰਾਂ ਨੂੰ ਇਸ ਸਬੰਧੀ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਜਾਣ।
5. ਚੋਣਕਾਰ ਰਜਿਸਟਰੇਸ਼ਨ ਅਫਸਰ ਵਿਧਾਨ ਸਭਾ ਹਲਕਾ (091 ਭੁੱਚੋ) ਪਾਸ ਉਕਤ ਅਨੁਸਾਰ ਪਟਵਾਰੀ ਹਲਕਾ ਨਾਲ ਸਹਾਇਤਾ ਲਈ ਲਗਾਏ ਗਏ ਬੀ.ਐਲ.ਓਜ ਦੀ ਲਿਸਟ ਭੇਜ ਕੇ ਬੇਨਤੀ ਹੈ ਕੀ ਇਹਨਾਂ ਬੀ.ਐਲ.ਓਜ ਨੂੰ ਸਬੰਧਤ ਪਟਵਾਰੀਆ ਦਾ ਸਹਿਯੋਗ ਕਰਨ ਲਈ ਹਦਾਇਤਾ ਜਾਰੀ ਕੀਤੀਆ ਜਾਣ।
6. ਸਮੂਹ ਸਬੰਧਤ ਬੀ.ਐਲ.ਓ./ਸੁਪਰਵਾਈਜਰਾਂ ਵਿਧਾਨਸਭਾ ਹਲਕਾ ਬਠਿੰਡਾ ਦਿਹਾਤੀ-93 ਅਤੇ ਭੁਚੋ-91 ਨੂੰ ਉਕਤ ਹੁਕਮਾਂ ਦੀ ਪਾਲਣਾ ਹਿੱਤ ਭੇਜਿਆ ਜਾਂਦਾ ਹੈ।

ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ) ਬਠਿੰਡਾ
ਪੱਤਰ ਨੰ: ਡੀ-1/(2023)/5021 ਮਿਤੀ 2/11/23
ਉਕਤ ਉਤਾਰਾ ਸਮੂਹ ਸਕੂਲ ਮੁਖੀਆਂ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਸਬੰਧਤ ਦੀ ... ਨੂੰ ... ਲੋੜੀਂਦੀ ... ਪਾਲਣਾ ਕਰਨ ਯਕੀਨੀ ਬਣਾਇਆ ਜਾਵੇ।

ਰਿਵਾਈਜ਼ਿੰਗ ਅਥਾਰਿਟੀ (034 ਬੱਲੂਆਣਾ)-
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਬੋਰਡ)-ਚੋਣਾਂ-
ਕਮ-ਵਧੀਕ ਮੁੱਖ ਪ੍ਰਸ਼ਾਸਕ, ਜੀ.ਡੀ.ਏ.ਬਠਿੰਡਾ

2/11/23
ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.)
ਬਠਿੰਡਾ।